# ਯੀਸ਼ੂ ਨੇ ਆਪਣੇ ਪਿੱਛੇ ਚੱਲਣ ਵਾਲੇ (ਚੇਲਿਆ) ਨੂੰ, ਉਹਦਾ ਸੁੱਭਸਮਾਚਾਰ ਦੂਜਿਆਂ ਨੂੰ ਦੱਸਣ ਬਾਰੇ ਕਿਹਾ।

### ਬੱਚਿਆਂ ਨੂੰ ਸਿਖਾਉ ਕਿ ਉਹ ਸੁੱਭ ਸਮਾਚਾਰ ਆਮ ਸਬਦਾਂ ਵਿੱਚ ਕਿਸ ਤਰਾ ਦੱਸਣ।

**ਪ੍ਰਾਥਨਾ** - ਪਿਆਰੇ ਪ੍ਰਭੂ, ਬੱਚਿਆਂ ਨੂੰ ਪ੍ਰਭੂ ਯੀਸ਼ੂ ਦੇ ਸੁੱਭ ਸਮਾਚਾਰ ਦੇ ਵਿਸ਼ੇ ਬਾਰੇ ਜਾਣਨ ਅਤੇ ਦੱਸਣ ਬਾਰੇ ਸਹਾਇਤਾ ਕਰੋ।

ਬੱਚਿਆਂ ਦੀਆਂ ਸਿੱਖਣ ਵਾਲੀਆਂ ਗਤੀਵਿਧੀਆ ਵਿੱਚ ਕਿਸੇ ਇੱਕ ਨੂੰ, ਜਾਂ ਸਾਰੀ ਨੂੰ ਚੁਣ ਲਉ।

ਕਿਸੇ ਵੱਡੇ ਬੱਚੇ ਜਾਂ ਸਕੂਲ ਮਾਸਟਰ ਨੂੰ ਯੀਸ਼ੂ ਦੇ ਜੀਅ ਉੱਠਣ ਅਤੇ ਸੁੱਭ ਸਮਾਚਾਰ ਸਣਾਉਣ ਦੀ ਕਹਾਣੀ ਪੜਨ ਦਿਉ। ਜਿਹੜੀ ਲੁੱਕਾ 24:1-8 ਅਤੇ 36-50 ਵਿੱਚ ਮਿਲਦੀ ਹੈ। ਇਹ ਕਹਾਣੀ ਦੱਸਦੀ ਹੈ ਕਿ, ਅਸੀਂ ਕਿਵੇ ਸੁੱਭਸਮਾਚਾਰ ਨੂੰ ਇੱਕ ਛੋਟੇ ਅਤੇ ਸਰਲ ਸਦੇਸ਼ ਦੁਆਰਾ ਸੁਣ ਸਕਦੇ ਹਾਂ।



ਕਹਾਣੀ ਦੱਸਣ ਤੋਂ ਬਾਦ ਪੁੱਛੋ :

- ਕਿਹੜੀ ਗੱਲ ਨੇ ਚੇਲਿਆ ਨੂੰ ਡਰਾ ਦਿੱਤਾ, ਜਦੋ ਉਨਾ ਨੇ ਯੀਸ਼ੂ ਨੂੰ ਮੁਰਦਿਆ ਵਿੱਚ ਜਿੰਦਾ ਵੇਖਿਆ? *(ਉੱਤਰ: ਆਇਤ 37)*
- ਯੀਸ਼ੂ ਨੇ ਉਨਾ ਨੂੰ ਕਿਵੇਂ ਦਿਖਾਇਆ ਕਿ ਉਹ ਅਸਲੀ ਸ਼ਰੀਰ ਵਿੱਚ ਹਨ? *(39-43)*
- ਯੀਸ਼ੂ ਦੇ ਬਾਰੇ ਵਿੱਚ ਭਵਿੱਖਵਾਣੀਆ ਬਾਈਬਲ ਵਿੱਚ ਕਿੱਥੇ ਪਾਈਆਂ ਜਾਦੀਆ ਹਨ *(44)*
- ਸ਼ਾਸਤਰਾ ਵਿੱਚ ਕੀ ਕਿਹਾ ਗਿਆ, ਜਿਹੜਾ ਕਿ ਮਸੀਹ ਦੇ ਨਾਲ ਹੋਇਆ? *(46)*
- ਯੀਸ਼ੂ ਨੇ ਸਭ ਦੇਸ਼ਾਂ ਵਿੱਚ ਕੀ ਘੋਸ਼ਣਾ ਕਰਨ ਲਈ ਕਿਹਾ? *(47)*
- ਯੀਸ਼ੂ ਨੇ ਆਪਣੇ ਚੇਲਿਆ ਨੂੰ ਕਿਹੜੀ ਚੀਜ ਦੇਣ ਦਾ ਦਿਲਾਸਾ ਦਿੱਤਾ, ਜਿਹੜੀ ਉਨ੍ਹਾਂ ਨੂੰ 'ਉੱਪਰ' ਮਿਲੇਗੀ? *(49)*
- ਚੇਲਿਆਂ ਨੇ ਯੀਸ਼ੂ ਨੂੰ ਸੁਰਗ ਵਿੱਚ ਚੁੱਕੇ ਜਾਣ ਤੋਂ ਬਾਦ ਕੀ ਕੀਤਾ? *(52)*

ਸੁੱਭ ਸਮਾਚਾਰ ਦੀ ਕਹਾਣੀ ਦੇ ਭਾਗਾਂ ਨੂੰ ਨਾਟਕ ਦੁਆਰਾ ਦਿਖਾਉ।

ਆਪਣੇ ਸਮੇ ਨੂੰ ਬੱਚਿਆਂ ਨਾਲ ਇਸ ਨਾਟਕ ਨੂੰ ਤਿਆਰ ਕਰਨ ਵਿੱਚ ਪ੍ਰਯੋਗ ਕਰੋ। ਤੁਸੀ ਇਹਨੂੰ ਛੋਟਾ ਵੀ ਕਰ ਸਕਦੇ ਹੋ।

ਵੱਡੇ ਬੱਚਿਆਂ ਅਤੇ ਨੋਜਵਾਨਾ ਨੂੰ ਇਹ ਭਾਗ, ਨਾਟਕ ਕਰਨ ਵਾਸਤੇ ਦਿਉ

- **ਕਹਾਣੀ ਦੱਸਣ ਵਾਲਾ:** ਕਹਾਣੀ ਦਾ ਨਿਚੋੜ ਕੱਢੇ ਕਿ ਅਤੇ ਬੱਚਿਆਂ ਨੂੰ ਕੀ ਕਹਿਣਾ ਹੈ, ਯਾਦ ਕਰਨ ਵਿੱਚ ਉਨਾ ਦੀ ਸਹਾਇਤਾ ਕਰੇ।
- **ਯੀਸ਼ੂ** - ਇੱਕ ਕੁਰਸੀ ਅਤੇ ਮੇਜ ਰੱਖੋ ਕੁਝ ਥੋੜਾ ਜਿਹਾ ਖਾਣਾ ਤਿਆਰ ਰੱਖੋ

ਛੋਟਿਆਂ ਬੱਚਿਆਂ ਨੂੰ ਚੇਲਿਆਂ ਦੇ ਭਾਗ ਦਾ ਕਿਰਦਾਰ ਕਰਨ ਲਈ ਦਿਉ।

## ਨਾਟਕ ਭਾਗ 1 ਲੂਕਾ 24:36–43

**ਕਹਾਣੀ ਦੱਸਣ ਵਾਲਾ:** ਕਹਾਣੀ ਦਾ ਪਹਿਲਾ ਭਾਗ ਦੱਸੋ (ਆਇਤ 36–43) ਅਤੇ ਕਹੋ, ''ਸਣੋ ਚੇਲੇ ਕੀ ਆਖਦੇ ਹਨ''

**ਚੇਲੇ:** ''ਕੀ ਯੀਸ਼ੂ ਜਿੰਦਾ ਹੋ ਸਕਦਾ ਹੈ?'' ''ਕੀ ਉਹ ਮੁਰਦਿਆ ਵਿੱਚੋਂ ਫਿਰ ਜਿੰਦਾ ਹੋ ਗਿਆ ਹੈ?''

ਦੋ ਚੇਲੇ ਜਿਹੜੇ ਇੰਮਉਸ ਦੇ ਸਨ, ਉਨਾ ਨੇ ਵੀ ਆਖਿਆ ਕਿ ਅਸੀਂ ਉਹਨੂੰ ਵੇਖਿਆ ਹੈ? ਮੈ ''ਵਿਸ਼ਵਾਸ ਨਹੀ ਕਰਦਾ।''

**ਯੀਸ਼ੂ:** ''ਤੁਹਾਨੂੰ ਸ਼ਾਤੀ ਮਿਲੇ।''

**ਚੇਲੇ:** ਡਰਦੇ ਹੋਏ। ਬੜੀ ਕੱਬੀ ਹੋਈ ਅਵਾਜ ਵਿੱਚ ਬੋਲਣ। ''ਉਹ ਨਹੀ'' ''ਇਹ ਤਾ ਭੂਤ ਹੈ।'' ''ਮੈਨੂੰ ਇਹਦੇ ਕੋਲੋ ਡਰ ਲੱਗ ਰਿਹਾ ਹੈ।''

**ਯੀਸ਼ੂ:** ''ਮੈ ਭੂਤ ਨਹੀ ਹਾਂ। ਮੈਨੂੰ ਛੂਹ ਕੇ ਵੇਖੋ। ਮੈਨੂੰ ਕੁਝ ਖਾਣ ਲਈ ਦਿਉ। ਇੱਕ ਭੂਤ ਖਾਂਦਾ ਨਹੀ, ਕਿਉਕਿ ਉਹਦੀ ਦੇ ਹ ਨਹੀ ਹੁੰਦੀ ਮੇਰੀ ਇੱਕ ਦੇਹ ਹੈ।''

**ਚੇਲੇ:** ਚੇਲੇ ਯੀਸ਼ੂ ਨੂੰ ਕੁਝ ਖਾਣ ਲਈ ਦੇਣ। ਕਹਿਣ ''ਦੇਖੋ ਉਹ ਮੱਛੀ ਖਾ ਰਿਹਾ ਹੈ। ਇਹ ਭੂਤ ਨਹੀ ਹੋ ਸਕਦਾ।''

## ਨਾਟਕ ਭਾਗ 2 ਲੂੱਕਾ 24:44–53

**ਕਹਾਣੀ ਦੱਸਣ ਵਾਲਾ ਦੱਸਦਾ ਹੈ:** ਕਹਾਣੀ ਦਾ ਦੂਸਰਾ ਭਾਗ ਦੱਸੋ (ਆਇਤ 44–53) ਕਹੋ ''ਸੁਣੋ ਯੀਸ਼ੂ ਕੀ ਕਹਿਦਾ ਹੈ?''

**ਯੀਸ਼ੂ:** ''ਤੁਸੀ ਹੈਰਾਨ ਕਿਉ ਹੁੰਦੇ ਹੋ।'' ਬਾਈਬਲ ਵਿੱਚ ਤੁਹਾਨੂੰ ਦੱਸਿਆ ਗਿਆ ਹੈ ਕਿ ਮੇਰੇ ਨਾਲ ਇਹ ਸਭ ਹੋਵੇਗਾ। ਮੇਨੂੰ ਦੁੱਖ ਚੁੱਕਣਾ, ਮਰਨਾ ਅਤੇ ਫਿਰ ਜੀ ਉੱਠਣਾ ਹੈ।''

**ਚੇਲੇ:** ਕਿੰਨਾ ਅਜੀਬ ਹੈ! ''ਸਾਨੂੰ ਸਮਝ ਹੀ ਨਹੀ ਆਈ।''

**ਯੀਸ਼ੂ:** ਹੁਣ ਤੁਹਾਨੂੰ ਮੇਰੇ ਨਾਮ ਨਾਲ ਮਨ ਫਿਰਾਉਣ ਅਤੇ ਪਾਪਾ ਦੀ ਮਾਫੀ ਦੀ ਘੋਸ਼ਣਾ ਸਾਰਿਆਂ ਦੇਸ਼ਾਂ ਦੇ ਲੋਕਾਂ ਨਾਲ ਕਰਨੀ ਹੈ। ਮਗਰ ਤੁਹਾਨੂੰ ਤੱਦ ਤੱਕ ਇੰਤਜਾਰ ਕਰਨਾ ਹੈ, ਜਦੋਂ ਤੱਕ ਮੇਰਾ ਪਿਤਾ ਆਪਣੀ ਆਤਮਾ ਭੇਜੇ, ਤਾਂ ਕਿ ਤੁਸੀ ਉਹਦੀ ਸ਼ਕਤੀ ਨਾਲ ਮੇਰੀ ਗਵਾਹੀ ਦੇ ਸਕੋ। ''ਆਉ ਅਸੀ ਸਾਰੇ ਚਲੀਏ।''

**ਸਬ:** ਇੱਕ ਪੱਲ ਲਈ ਸਾਰੇ ਇੱਕਠੇ ਚਲਦੇ ਹਨ।

**ਯੀਸ਼ੂ:** ਉਨਾ ਨੂੰ ਅਸੀਸ ਦੇਣ ਵਾਸਤੇ, ਆਪਣੇ ਹੱਥ ਉਨ੍ਹਾਂ ਵੱਲ ਵਧਾਉਦਾ ਹੈ, ਅਤੇ ਫਿਰ ''ਸੁਰਗ'' ਵਿੱਚ ਜਾਣਾ (ਕੁਰਸੀ ਜਾ ਮੇਜ ਤੇ ਚੱੜਨਾ)

**ਚੇਲੇ:** ਗੋਡਿਆ ਤੇ ਬੈਠ ਕੇ, ਪਰਮੇਸ਼ਵਰ ਦੀ ਮਹਿਮਾ ਲਈ, ਇੱਕ ਗੀਤ ਦੀ ਇੱਕ ਲਾਇਨ ਗਾਉਦੇ ਹਨ। ਖੜੇ ਹੋ ਕੇ ਆਖਦੇ ਨੇ ''ਯੀਸ਼ੂ ਹੀ ਪ੍ਰਭੂ ਹੈ'' ਅਸੀ ਉਹਦੀ ਮਹਿਮਾ ਅਤੇ ਸੇਵਾ ਪੂਰੇ ਦਿਲ ਨਾਲ ਕਰਾਗੇ। ''ਅਸੀ ਸਾਰਿਆ ਨੂੰ ਉਹ ਬਾਰੇ ਵਿੱਚ ਦੱਸਾਗੇ।''

**ਕਹਾਣੀ ਦੱਸਣ ਵਾਲਾ ਜਾ ਕੋਈ ਵੀ ਨੋਜਵਾਨ ਬੱਚਾ** :- ਉਨਾ ਸਾਰਿਆ ਦਾ ਧੰਨਵਾਦ ਕਰੋ, ਜਿਨ੍ਹਾਂ ਨੇ ਨਾਟਕ ਕਰਨ ਵਿੱਚ ਸਾਡੀ ਸਹਾਇਤਾ ਕੀਤੀ। ਬਾਲਿਗਾਂ ਦਾ ਧੰਨਵਾਦ ਜਿੰਨਾ ਨੇ ਸਾਨੂੰ ਵੇਖਿਆ।

ਕਲਸਿਆ ਦੇ ਆਗੂ ਬਣਨ ਲਈ ਬੱਚਿਆਂ ਦੇ ਲਈ ਤਿਆਰ ਕਰੋ।

- ਗਵਿਆ ਦੇ ਸਮੇ ਵਿੱਚ, ਵੱਡਿਆ ਦੇ ਸਾਮਹਣੇ, ''ਨਾਟਕ ਨੂੰ ਦਿਖਾਉਣੋ
- ਵੱਡਿਆ ਨੂੰ ਉਹ ਪ੍ਰਸ਼ਨ ਪੁੱਛੋ ਜਿਹੜੇ ਇਸ ਪੜਾਈ ਦੇ ਸੁਰੂ ਵਿੱਚ ਦੱਸੇ ਗਏ ਸਨ।
- ਕਵਿਤਾ ਸੁਣਾਉ, ਤਸਵੀਰਾ ਨੂੰ ਦਿਖਾਉ ਅਤੇ ਉਹ ਸਾਰਾ ਵੀ ਜਿਹੜਾ ਉਨਾ ਨੇ ਤਿਆਰ ਕੀਤਾ ਹੈ।

ਬੱਚਿਆਂ ਨੂੰ ਪੁੱਛੋ ਕਿ ਉਹ ਕੁਝ ਇਸ ਤਰਾ ਦੇ ਉਦਾਹਰਣ ਦੱਸਣ। ਜਦੋ ਕਿ ਅਸੀ ਸੁੱਭ ਸਮਾਚਾਰ ਨੂੰ ਸਾਧਾਰਣ ਸ਼ਬਦਾ ਵਿੱਚ ਦੱਸ ਸਕਦੇ ਹਾਂ (ਜਿਵੇ ਰੇਲਗਾੜੀ ਵਿੱਚ ਮਿੱਤਰ ਦੇ ਮਿਲਣ ਦੀ ਸਮੇ ਆਦਿ) ਲੋਕਾਂ ਨੂੰ ਹੋਰ ਉਦਾਹਰਣਾਂ ਦੇਣ ਦਿਉ। ਸਲੀਬ ਦਾ ਤਸਵੀਰ ਬਣਾਉ ਅਤੇ ਬੱਚਿਆਂ ਨੂੰ ਉਹਦੀ ਨਕਲ ਕਰਨ ਲਈ ਕਹੋ।

ਸਲੀਬ ਦੀ ਤਸਵੀਰ



- ਵੱਡੇ ਬੱਚੇ, ਛੋਟਿਆ ਬੱਚਿਆਂ ਦੀ ਸਹਾਇਤਾ ਕਰਨ।
- ਉਨਾ ਨੂੰ ਵੱਡਿਆ ਦੀ ਪ੍ਰਥਨਾ ਦੇ ਸਮੇ ਵਿੱਚ, ਤਸਵੀਰ ਦਿਖਾਓ ਅਤੇ ਉਨ੍ਹਾਂ ਨੂੰ ਸਮਝਣ ਦਿਉ ਕਿ ਯੀਸ਼ੂ ਨੇ ਕਿਸ ਤਰ੍ਹਾਂ ਦੁੱਖ ਉਠਾਇਆ ਅਤੇ ਮਰ ਗਿਆ।
- ਉਨ੍ਹਾਂ ਨੂੰ ਸ਼ੁੱਭ ਸਮਾਚਾਰ ਤਿੰਨ ਭਾਗਂ ਵਿੱਚ ਦੱਸਣ ਦਿਉ

1. ਯੀਸ਼ੂ
2. ਉਹ ਮੁਰਦਿਆਂ ਵਿੱਚੋਂ ਜੀਅ ਉੱਠੀਆ ਹੈ, ਅਤੇ ਸਦਾ ਲਈ ਜਿਉਂਦਾ ਹੈ।
3. ਪਰਮੇਸ਼ਵਰ ਸਾਡੇ ਪਾਪਾ ਨੂੰ ਮਾਫ ਕਰਕੇ ਸਾਨੂੰ ਨਵਾ ਜੀਵਨ ਦਿੰਦਾ ਹੈ।

ਉਸ ਸ਼ੁੱਭ ਸਮਾਚਾਰ ਨੂੰ ਯਾਦ ਕਰੋ ਜਿਹੜਾ ਸਾਨੂੰ ਲੁੱਕਾ 24:46-49 ਵਿੱਚ ਮਿਲਦਾ ਹੈ। ਛੋਟੇ ਬੱਚੇ ਸਿਰਫ 46 ਆਇਤ ਯਾਦ ਕਰ ਸਕਦੇ ਹਨ।

**ਕਵਿਤਾ** ਹਾਂ। ਅਸੀ ਦੂਜਿਆਂ ਲੋਕਾ ਨੂੰ ਪਿਆਰ ਕਰਕੇ, ਆਪਣਾ ਪਿਆਰ ਵਿਖਾਣਾ ਚਾਹੁੰਦੇ ਹਾਂ।

**ਪ੍ਰਥਨਾ** : ''ਪਿਆਰੇ ਯੀਸ਼ੂ ਤੁਸੀ ਸਾਡੇ ਲਈ ਦੁੱਖ ਸਿਹਾ ਅਤੇ ਮਰੇ, ਜਿਸ ਤਰ੍ਹਾਂ ਸ਼ਾਸਤਰਾ ਵਿੱਚ ਮਿਲਦਾ ਹੈ, ਤੁਸੀ ਫਿਰ ਤੀਜੇ ਦਿਨ ਜੀਅ ਉੱਠੇ। ਤੁਸੀ ਸਾਨੂੰ ਆਪਣੇ ਨਾਮ ਦੇ ਦੁਆਰਾ, ਆਪਣੇ ਪਾਪਾਂ ਤੋਂ ਪਛਤਾਵਾ ਅਤੇ ਮਾਫ ਕੀਤਾ। ਤੁਸੀ ਆਪਣੀ ਆਤਮਾ ਨੂੰ ਭੇਜਿਆ ਤਾ ਕਿ ਅਸੀ ਉਹਦੀ ਸ਼ਕਤੀ ਨਾਲ, ਦੂਜਿਆ ਨੂੰ ਸ਼ੁੱਭ ਸਮਾਚਾਰ ਸੁਣਾ ਸਕੀਏ। ਤੁਸੀ ਸਾਨੂੰ ਧੰਨਵਾਦ ਨਾਲ ਭਰ ਦਿੱਤਾ।''

Copyright 2004 © by Paul-Timothy. May be freely copied. Download from www.Paul-Timothy.net